All Ministries/Departments of the Government of India
All State Governments/UT Administrations

Copy to : All PIAs in India and Abroad

44

883

ANNEXURE 'B'

ALL CENTRAL GOVERNMENT EMPLOYEES, STATE GOVERNMENT EMPLOYEES, EMPLOYEES OF STATUTORY BODIES AND PUBLIC SECTOR UNDERTAKINGS, THEIR SPOUSE AND CHILDREN UPTO THE AGE OF 18 YEARS ARE REQUIRED TO PRODUCE AN IDENTITY CERTIFICATE

(Strike out options that are not applicable)

(To be given in Duplicate on Original Stationery)

Certified that Shri/Smt/Miss .... Son/Wife/Daughter of Shri ...., who is an Indian national, is a temporary/permanent employee of (office address) .... from (date) .... and is at present holding the post of .... Shri/Smt./Miss/Mst. ...., who is also an Indian national, is/are a dependent family member(s) of Shri/Smt............................. and his/her identity is certified. This Ministry/Department/Organisation has no objection to his/her acquiring Indian Passport. I, the undersigned, am duly authorised to sign this Identity Certificate. I have read the provisions of Section 6(2) of the Passports Act, 1967 and certify that these are not attracted in case of this applicant. I recommend issue of an Indian Passport to him/her. It is certified that this organization is a Central/State Government/Public Sector undertaking/Statutory body. The Identity Card Number of Shri / Smt / Miss (employee) ....is....................

Ref.No.................... & Date ....

Name, Designation, Address & Tel No.

Applicant's photo to be attested

Note: Refer Annexure 'F' for details of Section 6(2) of the Passports Act, 1967

284

45

ANNEXURE 'I'

AFFIDAVIT

(To be executed on appropriate non-judicial stamp paper of minimum value and attested by a Notary Public)

(One original and one self-attested photocopy to be submitted)

I, ... (name), son/ daughter/ wife of Shri .... residing at .... Date of Birth .... being an applicant for issue of passport, do hereby solemnly affirm and state the following:

1. That the names of my parents and spouse are as follows:
   (i) Father :
   (ii) Mother :
   (iii) Wife/Husband :
2. That I am a continuous resident at the above mentioned address from..........................
3. That I am a citizen of India by birth/descent/registration/naturalization and that I have neither acquired the citizenship of another country nor have surrendered nor been terminated/ deprived of my citizenship of India.
4. That I have not, at any time during the period of five years immediately preceding the date of this affidavit, been convicted by any court in India for any offence involving moral turpitude, nor sentenced in respect thereof to imprisonment for not less than two years.
5. That no proceedings in respect of any criminal offence alleged to have been committed by me are pending before any criminal court in India.
6. That no warrant or summons for my appearance, and no warrant for my arrest, has been issued by a court under any law for the time being in force, and that my departure from India has not been prohibited by order of any such court.
7. That I have never been repatriated from abroad back to India at the expense of Government of India/I was repatriated from abroad back to India at the expense of Government of India, but reimbursed expenditure incurred in connection with such repatriation.
8. That I will not engage in activities prejudicial to the sovereignty and integrity of India.
9. That my departure from India will not be detrimental to the security of India.
10. That my presence outside India will not prejudice the friendly relations of India with any foreign country.

Place:.................... Date:....................

DEPONENT

VERIFICATION

Verified on .... (date) at .... (place) that the contents of the above mentioned affidavit are true and correct and nothing material has been concealed.

DEPONENT

(46)

(385)

ANNEXURE 'M'

MINISTRY/DEPARTMENT/OFFICE OF

No............. Dated..................

(No Objection Certificate issuing officer should attest the photograph of the applicant with his/her signature and rubber stamp in such a way that half the signature and stamp appear on the photograph and half on the certificate)

Applicant's Photo

NO OBJECTION CERTIFICATE

Shri/Smt/Miss...............................s/o, d/o ....,who is an Indian national, is employed in this office as.............................from......... till date. This Ministry/Department/Office has no objection to his/ her obtaining a passport.

Signature
Controlling/Administrative authority
Telephone/Fax/E-mail id

Note:

(a) The officer authorized to issue NOC should sign with name and stamp and must provide contact details for verification by Passport Authority.

(b) NOC will be valid for six months from date of issue.

286

47

ANNEXURE 'N'

Letter from the Government / PSU/ Statutory body employees giving prior intimation to his/her Administrative Deptt/Office for submission of Passport application

Place:................
Date:................

[To be addressed to the Controlling / Administrative Authority with full postal address]

To,

....
....
Tel:....................................
Fax:....................................
Email:..................................

Subject: Prior intimation for submission of Passport application

Sir/Madam,

I hereby give prior intimation that I am applying for an ordinary Passport to Regional Passport Office ....

2. This is for your kind information and record.

Yours faithfully,

Signature: (..)
Name:..
Date of Birth:..
Designation:..
Name of Office where working:.................
Address of Present Office:.......................
Residential Address:...............................

(ਉਸੇ ਨੰਬਰ ਅਤੇ ਮਿਤੀ ਦਾ ਥਾਂ ਲੈਣਾ)
(to be substituted bearing same number and date)

ਨੰ: 17/98/2015-2ਪੀ.ਪੀ.1/ 600388/1

(287)

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,

ਮਿਤੀ, ਚੰਡੀਗੜ੍ਹ: 1/10/2015

ਵਿਸ਼ਾ :- ਵਿਭਾਗਾਂ ਅਧੀਨ ਖਾਲੀ ਆਸਾਮੀਆਂ ਵਿਰੁੱਧ ਪਦਉਨਤੀਆਂ ਕਰਨ ਲਈ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗਾਂ ਸਬੰਧੀ ਸੂਚਨਾ ਭੇਜਣ ਬਾਰੇ।

****

ਸ੍ਰੀਮਾਨ ਜੀ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਵੱਲ ਧਿਆਨ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਇਹ ਵੇਖਣ ਵਿੱਚ ਆਇਆ ਹੈ ਕਿ ਕੁਝ ਵਿਭਾਗਾਂ ਵੱਲੋਂ ਆਪਣੇ ਅਧੀਨ ਆਸਾਮੀਆਂ ਤੇ ਪਦਉਨਤੀਆਂ ਕਰਨ ਲਈ ਸਮੇਂ ਸਿਰ ਵਿਭਾਗੀ ਤਰੱਕੀ ਕਮੇਟੀ ਦੀਆਂ ਮੀਟਿੰਗਾਂ ਨਹੀਂ ਕਰਵਾਈਆਂ ਜਾ ਰਹੀਆਂ ਹਨ। ਇਸ ਲਈ ਸਮੇਂ ਸਿਰ ਪਦਉਨਤੀਆਂ ਨਾ ਹੋਣ ਕਾਰਨ ਵਿਭਾਗਾਂ ਵਿੱਚ ਕੰਮ ਕਰਦੇ ਕਈ ਅਧਿਕਾਰੀ/ਕਰਮਚਾਰੀ ਪਦਉਨਤੀਆਂ ਤੋਂ ਵਾਂਝੇ ਰਹਿ ਜਾਂਦੇ ਹਨ, ਜਿਨਾਂ ਕਾਰਨ ਸਰਕਾਰ ਨੂੰ ਕਈ ਤਰ੍ਹਾਂ ਦੀਆਂ ਪ੍ਰਸ਼ਾਸਨਿਕ ਅਤੇ ਕਾਨੂੰਨੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਇਸ ਲਈ ਇਨ੍ਹਾਂ ਮੁਸ਼ਕਲਾਂ ਨੂੰ ਦੂਰ ਕਰਨ ਦੇ ਮੱਦੇਨਜ਼ਰ ਹੇਠ ਲਿਖੇ ਅਨੁਸਾਰ ਸੂਚਨਾ ਉਪਲੱਬਧ ਕਰਵਾਉਣ ਦੀ ਖੇਚਲ ਕੀਤੀ ਜਾਵੇ :-

1. ਵਿਭਾਗ ਨਾਲ ਸਬੰਧਤ ਹੁਣ ਤੱਕ ਕਿੰਨੀਆਂ ਵਿਭਾਗੀ ਤਰੱਕੀਆਂ ਕਮੇਟੀ ਦੀਆਂ ਮੀਟਿੰਗ ਪੈਂਡਿੰਗ ਹਨ?
2. ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਪੈਂਡਿੰਗ ਹੋਣ/ਰਹਿਣ ਦੇ ਕਾਰਨ?
3. ਵਿਭਾਗ ਵੱਲੋਂ ਆਖਰੀ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਕਦੋਂ ਕਰਵਾਈ ਗਈ ਸੀ?

2. ਉਕਤ ਸੂਚਨਾ ਗਰੁੱਪ ਏ ਤਹਿਤ ਕਾਡਰ ਵਾਈਜ਼ ਹੇਠ ਦਰਸਾਏ ਪ੍ਰੋਫਾਰਮੇ ਅਨੁਸਾਰ ਇਸ ਪੱਤਰ ਦੇ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ-ਅੰਦਰ ਭਿਜਵਾਉਣ ਦੀ ਖੇਚਲ ਕੀਤੀ ਜਾਵੇ :-

ਲੜੀ ਨੰ:	ਕਾਡਰ/ਆਸਾਮੀ ਦਾ ਨਾਮ ਜਿਸਦੀ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਪੈਂਡਿੰਗ ਹੈ।	ਪੈਂਡਿੰਗ ਹੋਣ/ਰਹਿਣ ਦੇ ਕਾਰਨ	ਇਸ ਕਾਡਰ/ਆਸਾਮੀ ਦੀ ਹੋਈ ਪਿਛਲੀ ਵਿਭਾਗੀ ਤਰੱਕੀ ਕਮੇਟੀ ਦੀ ਮੀਟਿੰਗ ਦੀ ਮਿਤੀ	ਵਿਸ਼ੇਸ਼ ਕਥਨ

3. ਇਸ ਨੂੰ ਪਰਮ ਅਗੇਤ ਦਿੱਤੀ ਜਾਵੇ ਜੀ।

ਆਪ ਜੀ ਦਾ ਵਿਸ਼ਵਾਸਪਾਤਰ,

(ਸੱਤਿਆ ਪ੍ਰਕਾਸ਼ ਗੁਪਤਾ)
ਉੱਪ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਵਧੀਕ ਮੁੱਖ ਸਕੱਤਰਾਂ, ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਉੱਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 17/98/2015-2ਪੀ.ਪੀ.1/ 600388/2 ਮਿਤੀ, ਚੰਡੀਗੜ੍ਹ: 1/10/2015

ਨੰ:14/28/2013-3ਪੀਪੀ3/ 612609/1

26

288

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.3 ਸ਼ਾਖਾ)

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਮੰਡਲਾਂ ਦੇ ਕਮਿਸ਼ਨਰ,
ਜ਼ਿਲਿਆਂ ਦੇ ਡਿਪਟੀ ਕਮਿਸ਼ਨਰ ਅਤੇ
ਉਪ ਮੰਡਲ ਮੈਜਿਸਟਰੇਟ, ਪੰਜਾਬ।

ਮਿਤੀ, ਚੰਡੀਗੜ੍ਹ 20 ਅਕਤੂਬਰ, 2015

ਵਿਸ਼ਾ:- ਕਾਡਰ ਬਦਲਣ ਉਪਰੰਤ ਸੀਨੀਆਰਤਾ ਸੂਚੀ ਸਬੰਧੀ।

*****

ਸ੍ਰੀਮਾਨ ਜੀ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਨੰ:14/22/98-6ਪੀਪੀ3/7892, ਮਿਤੀ 11.6.1998 ਵੱਲ ਆਪ ਦਾ ਧਿਆਨ ਦਿਵਾਉਂਦੇ ਹੋਏ ਇਹ ਲਿੱਖਣ ਦੀ ਹਦਾਇਤ ਹੋਈ ਹੈ ਕਿ ਕਈ ਵਿਭਾਗਾਂ ਵਲੋਂ ਇਸਤਰੀ ਕਰਮਚਾਰਨਾਂ ਨੂੰ ਜ਼ਿਲ੍ਹੇ ਦਾ ਕਾਡਰ ਬਦਲਣ ਦੀ ਸਹੂਲਤ ਦੇਣ ਸਮੇਂ ਸੀਨੀਆਰਤਾ ਨਿਰਧਾਰਤ ਕਰਨ ਸਮੇਂ ਆ ਰਹੀਆਂ ਮੁਸ਼ਕਲਾਂ ਬਾਰੇ ਸਪਸ਼ਟੀਕਰਨ ਇਸ ਵਿਭਾਗ ਪਾਸੋਂ ਮੰਗੇ ਗਏ ਹਨ। ਇਸ ਸਬੰਧ ਵਿੱਚ ਵਿਸ਼ਾ ਸਬੰਧੀ ਹਦਾਇਤਾਂ ਪੱਤਰ ਨੰ:14/22/98-6ਪੀਪੀ3/7892, ਮਿਤੀ 11.6.1998 ਦੇ ਪੈਰ੍ਹਾ-1 (ੳ) ਤਹਿਤ ਕਾਡਰ ਬਦਲਣ ਸਬੰਧੀ ਉਪਬੰਧ ਤੇ ਮੁੜ ਵਿਚਾਰ ਕੀਤਾ ਗਿਆ ਅਤੇ ਉਕਤ ਪੈਰ੍ਹੇ ਨੂੰ ਹੇਠਾਂ ਅਨੁਸਾਰ ਬਦਲਣ ਦਾ ਫੈਸਲਾ ਕੀਤਾ ਗਿਆ ਹੈ:-

1. (ੳ) ਕਾਡਰ ਬਦਲਣ ਸਬੰਧੀ

ਸਰਕਾਰੀ ਕਰਮਚਾਰੀ, ਜਿਸ ਦਾ ਜ਼ਿਲ੍ਹੇ ਦਾ ਕਾਡਰ ਹੋਵੇ, ਨੂੰ ਉਸ ਦੇ ਸੇਵਾ ਕਾਲ ਵਿੱਚ ਇਕ ਵਾਰੀ ਕਾਡਰ ਉਸ ਜ਼ਿਲ੍ਹੇ ਵਿੱਚ ਬਦਲਣ ਦੀ ਆਪਸ਼ਨ ਦੇਣ ਦੀ ਖੁੱਲ ਹੋਵੇਗੀ ਜਿਥੇ ਕਿ ਉਸ ਕਰਮਚਾਰੀ ਦਾ ਪਤੀ / ਪਤਨੀ ਨੌਕਰੀ ਵਿੱਚ ਹੋਵੇ ਭਾਵੇਂ ਇਹ ਨੌਕਰੀ ਸਰਕਾਰੀ ਜਾਂ ਪ੍ਰਾਈਵੇਟ ਹੀ ਹੋਵੇ। ਅਜਿਹੀ ਆਪਸ਼ਨ ਦੇਣ ਵਾਲੇ ਕਰਮਚਾਰੀ ਨੂੰ ਸੀਨੀਆਰਤਾ ਸੂਚੀ ਵਿੱਚ ਸਭ ਤੋਂ ਥੱਲੇ ਰੱਖਿਆ ਜਾਵੇਗਾ।

2. ਇਹ ਹਦਾਇਤਾਂ ਆਪਣੇ ਅਧੀਨ ਸਮੂਹ ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

3. ਇਹ ਹਦਾਇਤਾਂ ਮਾਨਯੋਗ ਮੁੱਖ ਮੰਤਰੀ ਜੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੀਆਂ ਜਾਂਦੀਆਂ ਹਨ।

ਆਪਜੀ ਦਾ ਵਿਸ਼ਵਾਸਪਾਤਰ

ਉਪ ਸਕੱਤਰ ਪ੍ਰਸੋਨਲ

ਨੰ: 17/99/2015-3ਪੀ.ਪੀ.1/348

289

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ;
ਕਮਿਸ਼ਨਰਜ਼ ਆਫ ਡਵੀਜ਼ਨਜ;
ਰਜਿਸਟਰਾਰ, ਪੰਜਾਬ ਅਤੇ ਹਰਿਆਣਾਂ ਹਾਈ ਕੋਰਟ,
ਜਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼; ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 28/10/2015

ਵਿਸ਼ਾ :- Submission of representations and advance copies, thereof by Government servants in respect of matters connected with their conditions of sevice.

ਸ਼੍ਰੀਮਾਨ ਜੀ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 6936-SII(33)-73, ਮਿਤੀ 22 ਅਕਤੂਬਰ, 1973 ਦੀ ਕਲਾਜ਼ (g) ਵਿਚ ਦਰਜ ਹੇਠ ਅਨੁਸਾਰ ਉਪਬੰਧ ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਅਨੁਸਾਰ, ਜੇਕਰ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਆਪਣੇ ਸੇਵਾ ਮਾਮਲਿਆਂ ਨੂੰ ਨਜਿੱਠਣ ਲਈ ਆਪਣੀਆਂ ਪ੍ਰਤੀਬੇਨਤੀਆਂ ਉਚਿਤ ਅਥਾਰਟੀ ਦੀ ਬਜਾਏ ਬਾਹਰਲੀਆਂ ਅਥਾਰਟੀਆਂ ਭਾਵ ਉਹ ਅਥਾਰਟੀਆਂ ਜਿਨ੍ਹਾਂ ਦਾ ਉਨ੍ਹਾਂ ਦੀ ਪ੍ਰਤੀਬੇਨਤੀਆਂ ਤੇ ਵਿਚਾਰ ਕਰਨ ਨਾਲ ਸਿੱਧੇ ਤੌਰ ਤੇ ਕੋਈ ਸਬੰਧ ਨਹੀਂ ਹੁੰਦਾ (ਜਿਵੇਂ ਕਿ ਮਾਨਯੋਗ ਰਾਜਪਾਲ ਜੀ, ਮੁੱਖ ਮੰਤਰੀ ਜੀ ਜਾਂ ਹੋਰ ਦੂਸਰੇ ਮੰਤਰੀਆਂ/ਵਿਧਾਇਕਾਂ ਆਦਿ) ਨੂੰ ਪੇਸ਼ ਕੀਤੀਆਂ ਜਾਂਦੀਆਂ ਹਨ, ਤਾਂ ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਦਫ਼ਤਰੀ ਸ਼ਿਸ਼ਟਾਚਾਰ ਦੀ ਉਲੰਘਣਾ ਮੰਨਦੇ ਹੋਏ ਸਬੰਧਤ ਅਧਿਕਾਰੀ/ਕਰਮਚਾਰੀ ਨੂੰ ਵਿਭਾਗੀ ਕਾਰਵਾਈ ਦਾ ਭਾਗੀਦਾਰ ਮੰਨਿਆ ਗਿਆ ਹੈ :-

"(g) Government employees should not send copies of their representations to outside authorities, i.e. authorities which are not directly concerned witht the consideration, thereof (e.g., Governor, another Minister, Secretary, M.L.A. or any other political or administrative quarter etc.) as it is most objectionable practice, contrary to official propriety and subversive of good discipline. Government employees who do not observe these instructions would be liable to disciplinary action interms of Punjab Government circular letter No. 7398-SII(3)-72, dated 15th December, 1971."

2. ਇਹ ਵੇਖਣ ਵਿੱਚ ਆਇਆ ਹੈ ਕਿ ਉਕਤ ਹਦਾਇਤਾਂ ਦੇ ਬਾਵਜੂਦ ਕਈ ਸਰਕਾਰੀ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਆਪਣੇ ਸੇਵਾ ਮਾਮਲੇ ਨਜਿੱਠਣ ਸਬੰਧੀ ਆਪਣੀ ਉਚਿਤ

290

ਅਥਾਰਟੀ ਦੀ ਬਜਾਏ ਸਿੱਧੇ ਤੌਰ ਤੇ ਹੀ ਮਾਨਯੋਗ ਪ੍ਰਧਾਨ ਮੰਤਰੀ, ਮਾਨਯੋਗ ਰਾਜਪਾਲ, ਮਾਨਯੋਗ ਮੁੱਖ ਮੰਤਰੀ ਜਾਂ ਹੋਰ ਦੂਸਰੇ ਮੰਤਰੀਆਂ/ਵਿਧਾਇਕਾਂ ਨੂੰ ਪ੍ਰਤੀਬੇਨਤੀਆਂ ਪੇਸ਼ ਕੀਤੀਆਂ ਜਾਂਦੀਆਂ ਹਨ, ਜੋ ਕਿ ਉਕਤ ਹਦਾਇਤਾਂ ਦੀ ਘੋਰ ਉਲੰਘਣਾ ਹੈ।

3. ਇਸ ਲਈ ਉਕਤ ਹਦਾਇਤਾਂ ਮੁੜ ਦੁਹਰਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ ਇਹਨਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ ਅਤੇ ਇਹ ਹਦਾਇਤਾਂ ਆਪਣੇ ਅਧੀਨ ਦਫ਼ਤਰਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਸਖ਼ਤ ਪਾਲਣਾ ਹਿਤ ਲਿਆ ਦਿੱਤੀਆਂ ਜਾਣ।

4. ਇਸ ਦੀ ਪੱਹੁਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ,

ਉਪ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 17/99/2015-3ਪੀ.ਪੀ.1/ ੩੫੧ ਮਿਤੀ, ਚੰਡੀਗੜ੍ਹ: 28/10/2015

291

ਨੰ: 1/3/2014-4ਪੀ.ਪੀ.1/626833/1
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲ੍ਹਾ ਅਤੇ ਸੈਸ਼ਨਜ਼ ਜੱਜ;
ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ ਮੈਜਿਸਟਰੇਟ (ਸਿਵਲ), ਪੰਜਾਬ।

ਮਿਤੀ, ਚੰਡੀਗੜ੍ਹ: 17 ਨਵੰਬਰ, 2015

ਵਿਸ਼ਾ :- ਗਰੁੱਪ-ਸੀ (ਕਲਰਕ) ਦੀ ਪਦਉਨਤੀ ਲਈ ਵਿਦਿਅਕ ਯੋਗਤਾਵਾਂ ਬਾਰੇ।

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਗਸ਼ਤੀ ਪੱਤਰ ਨੰ: 1/3/2014-4ਪੀ.ਪੀ.1/1093, ਮਿਤੀ 23 ਦਸੰਬਰ, 2014 (ਕਾਪੀ ਨੱਥੀ), ਜਿਸ ਰਾਹੀਂ ਗਰੁੱਪ-ਡੀ ਕਰਮਚਾਰੀਆਂ ਤੋਂ ਗਰੁੱਪ-ਸੀ (ਕਲਰਕ) ਦੀ ਪਦਉਨਤੀ ਲਈ ਪੰਜਾਬੀ ਟਾਈਪ ਟੈਸਟ ਦੇ ਨਾਲ ਅੰਗਰੇਜ਼ੀ ਟਾਈਪ ਟੈਸਟ ਪਾਸ ਕਰਨ ਤੋਂ ਇਲਾਵਾ ਕੰਪਿਊਟਰ ਟ੍ਰੇਨਿੰਗ ਲਾਜ਼ਮੀ ਕੀਤੀ ਗਈ ਸੀ, ਵੱਲ ਦਿਵਾਉਣ ਅਤੇ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਉਕਤ ਹਦਾਇਤਾਂ ਗਰੁੱਡ-ਡੀ ਕਰਮਚਾਰੀਆਂ ਤੋਂ ਇਲਾਵਾ ਗਰੁੱਪ-ਸੀ ਕਰਮਚਾਰੀਆਂ (ਜਿਨਾਂ ਦਾ ਤਨਖਾਹ ਸਕੇਲ ਕਲਰਕ ਦੀ ਆਸਾਮੀ ਨਾਲੋਂ ਘੱਟ ਹੈ) ਤੇ ਵੀ ਲਾਗੂ ਹੋਣਗੀਆਂ।

2. ਇਹ ਪੱਤਰ ਸਾਰੇ ਸੰਬਧਤਾਂ ਦੇ ਧਿਆਨ ਵਿੱਚ ਲਿਆ ਦਿੱਤਾ ਜਾਵੇ।

3. ਇਸ ਪੱਤਰ ਦੀ ਪੰਹੁਚ ਰਸੀਦ ਭੇਜੀ ਜਾਵੇ।

ਵਿਸ਼ਵਾਸ਼ਪਾਤਰ,

ਉਪ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ:1/3/2014-4ਪੀ.ਪੀ.1/626833/2 ਮਿਤੀ, ਚੰਡੀਗੜ੍ਹ: 17 ਨਵੰਬਰ, 2015

292

254

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਵਿਸ਼ਾ:- ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਸਿਵਲ ਰਿੱਟ ਪਟੀਸ਼ਨ ਨੰ: 4382/02-ਸਤਬੀਰ ਸਿੰਘ ਅਤੇ ਹੋਰ ਬਨਾਮ ਹਰਿਆਣਾ ਸਟੇਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਬਾਬਤ Similarily situated cases ਦੀ ਕਮੇਟੀ ਦੀ ਸੋਧ ਬਾਰੇ।

******

ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਕ੍ਰਿਪਾ ਕਰਕੇ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਅੰ.ਵਿ.ਪ.ਨੰ: 12/39/2002-5ਪੀ.ਪੀ.2/9406, ਮਿਤੀ 17-7-2002, ਅੰ.ਵਿ.ਪ.ਨੰ: 12/39/2002-5ਪੀ.ਪੀ.2/10960-63, ਮਿਤੀ: 12-6-2003, ਅੰ.ਵਿ.ਪ.ਨੰ: 12/39/2002-5ਪੀ.ਪੀ.2/14406, ਮਿਤੀ: 14-11-2008, ਅੰ.ਵਿ.ਪ.ਨੰ: 12/39/2002-5ਪੀ.ਪੀ.2/224 ਮਿਤੀ: 22-2-2012, ਅੰ.ਵਿ.ਪ.ਨੰ: 12/39/2002-5ਪੀ.ਪੀ.2/418 ਮਿਤੀ: 19-6-2013 ਅਤੇ ਅੰ:ਵਿ:ਪੱ:ਨੰ:12/39/2002-5ਪੀ.ਪੀ.2/125, ਮਿਤੀ 19-11-2014 ਵੱਲ ਧਿਆਨ ਦੇਣ ਦੀ ਖੇਚਲ ਕਰਨ ਜੀ।

2. ਵਿਸੇ ਸਬੰਧੀ ਹਵਾਲਾ ਅਧੀਨ ਪੱਤਰ ਨੰ12//39/2002-5ਪੀ.ਪੀ.2/125, ਮਿਤੀ 19-11-2014 ਵਿੱਚ ਅੰਸ਼ਿਕ ਸੋਧ ਕਰਦੇ ਹੋਏ ਹੁਣ ਸਕੱਤਰ ਪ੍ਰਸੋਨਲ ਵੀ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਬਣਾਈ ਕਮੇਟੀ ਦੇ ਮੈਂਬਰ ਹੋਣਗੇ। ਕਮੇਟੀ ਦੀ ਬਣਤਰ ਹੁਣ ਹੇਠ ਅਨੁਸਾਰ ਹੋਵੇਗੀ:-

1.	ਮੁੱਖ ਸਕੱਤਰ, ਪੰਜਾਬ	ਚੇਅਰਮੈਨ
2.	ਸਬੰਧਤ ਵਿਭਾਗ ਦੇ ਪ੍ਰਬੰਧਕੀ ਸਕੱਤਰ	ਮੈਂਬਰ ਸਕੱਤਰ
3.	ਪ੍ਰਮੁੱਖ ਸਕੱਤਰ ਵਿੱਤ	ਮੈਂਬਰ
4.	ਪ੍ਰਮੁੱਖ ਸਕੱਤਰ ਗ੍ਰਹਿ ਮਾਮਲੇ ਤੇ ਨਿਆਂ ਵਿਭਾਗ	ਮੈਂਬਰ
5.	ਸਕੱਤਰ ਪ੍ਰਸੋਨਲ	ਮੈਂਬਰ
6.	ਕਾਨੂੰਨੀ ਮਸ਼ੀਰ	ਮੈਂਬਰ

3. ਇਹ ਹਦਾਇਤਾਂ ਤੁਰੰਤ ਮਿਤੀ ਤੋਂ ਲਾਗੂ ਹੋਣਗੀਆਂ।

ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ,

ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪ.ਨੰ: 12/39/2002-5ਪੀ.ਪੀ.2/ 637821/1 ਮਿਤੀ, ਚੰਡੀਗੜ੍ਹ: 2/12/2015

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਵਿੱਤ ਵਿਭਾਗ।
2. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ।

3. ਸਕੱਤਰ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ।
4. ਕਾਨੂੰਨੀ ਮਸ਼ੀਰ ਅਤੇ ਵਿਧਾਨਿਕ ਕਾਰ ਵਿਹਾਰ ਵਿਭਾਗ, ਪੰਜਾਬ ।
5. ਡਾਇਰੈਕਟਰ ਪ੍ਰਾਸੀਕਿਊਸਨ ਅਤੇ ਲਿਟਿਗੇਸਨ।
6. ਲਾਅ ਅਫਸਰ, ਪ੍ਰਸੋਨਲ ਵਿਭਾਗ।

ਉਪ ਸਕੱਤਰ ਪ੍ਰਸੋਨਲ
ਜ ਮੰਤੋ

ਸੇਵਾ ਵਿਖੇ

1. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਵਿੱਤ ਵਿਭਾਗ।
2. ਪ੍ਰਮੁੱਖ ਸਕੱਤਰ ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ।
3. ਸਕੱਤਰ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ।
4. ਕਾਨੂੰਨੀ ਮਸ਼ੀਰ ਅਤੇ ਵਿਧਾਨਿਕ ਕਾਰ ਵਿਹਾਰ ਵਿਭਾਗ, ਪੰਜਾਬ।
5. ਡਾਇਰੈਕਟਰ ਪ੍ਰਾਸੀਕਿਊਸਨ ਅਤੇ ਲਿਟਿਗੇਸਨ।
6. ਲਾਅ ਅਫਸਰ, ਪ੍ਰਸੋਨਲ ਵਿਭਾਗ।

ਅੰ.ਵਿ.ਪ.ਨੰ: 12/39/2002-5ਪੀ.ਪੀ.2/ 637821/2-7 ਮਿਤੀ, ਚੰਡੀਗੜ੍ਹ: 2/12/2015

੨੧੫

48

ਨੰ: 12/136/2015-2ਪੀਪੀ2/੬੨੧
ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਡਵੀਜਨਜ਼ਾਂ ਦੇ ਕਮਿਸ਼ਨਰ;
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼; ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: ੨੫.੧੨.੧੫

ਵਿਸ਼ਾ:- ਵੱਖ-ਵੱਖ ਵਿਭਾਗਾਂ ਵਲੋਂ ਪ੍ਰਸੋਨਲ ਵਿਭਾਗ ਦੀ ਸਲਾਹ/ਸਪਸ਼ਟੀਕਰਣ ਪ੍ਰਾਪਤ ਕਰਨ ਲਈ ਭੇਜੇ ਜਾਣ ਸਬੰਧੀ ਨੀਤੀ।

*****

ਸ਼੍ਰੀਮਾਨ/ਸ਼੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਇਸ ਵਿਭਾਗ ਦੇ ਗਸ਼ਤੀ ਪੱਤਰ ਨੰ: 12/52/2000-2ਪੀਪੀ2/10761 ਮਿਤੀ 29.8.2000 (ਕਾਪੀ ਨੱਥੀ), ਜਿਸ ਰਾਹੀਂ ਵੱਖ-ਵੱਖ ਵਿਭਾਗਾਂ ਵਲੋਂ ਪ੍ਰਸੋਨਲ ਵਿਭਾਗ ਦੀ ਸਲਾਹ/ਸਪਸ਼ਟੀਕਰਣ ਪ੍ਰਾਪਤ ਕਰਨ ਲਈ ਭੇਜੇ ਜਾਣ ਬਾਰੇ ਨੀਤੀ ਨੂੰ ਤੈਅ ਕੀਤਾ ਗਿਆ ਹੈ, ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਵੱਖ-ਵੱਖ ਵਿਭਾਗਾਂ ਵਲੋਂ ਜੋ ਤਜਵੀਜ਼ਾਂ, ਇਸ ਵਿਭਾਗ ਦੇ ਨਿਯਮ/ਹਦਾਇਤਾਂ ਸਬੰਧੀ ਸਲਾਹ/ਵਿਆਖਿਆ/ਸਪੱਸ਼ਟੀਕਰਨ ਲੈਣ ਹਿੱਤ ਪ੍ਰਸੋਨਲ ਵਿਭਾਗ ਨੂੰ ਭੇਜੀਆਂ ਜਾਂਦੀਆਂ ਹਨ ਉਹਨਾਂ ਨੂੰ ਪ੍ਰਬੰਧਕੀ ਪੱਧਰ ਤੇ ਪੂਰੀ ਤਰ੍ਹਾਂ ਘੋਖਿਆ ਹੋਇਆ ਨਹੀਂ ਹੁੰਦਾ। ਕਈ ਵਾਰ ਤਾਂ ਸਬੰਧਤ ਪ੍ਰਬੰਧਕੀ ਵਿਭਾਗ ਨੂੰ ਜੋ ਤਜਵੀਜ਼ ਆਪਣੇ ਹੇਠਲੇ ਦਫਤਰ ਤੋਂ ਪ੍ਰਾਪਤ ਹੁੰਦੀ ਹੈ ਉਸ ਨੂੰ ਉਵੇਂ ਹੀ ਵਿਭਾਗੀ ਸਕੱਤਰ ਰਾਹੀਂ ਪ੍ਰਸੋਨਲ ਵਿਭਾਗ ਨੂੰ ਭੇਜ ਦਿੱਤਾ ਜਾਂਦਾ ਹੈ। ਇਸ ਨਾਲ ਸਬੰਧਤ ਪ੍ਰਬੰਧਕੀ ਵਿਭਾਗ ਦੇ ਕੀ ਵਿਚਾਰ ਹਨ, ਤਜਵੀਜ਼ ਤੋਂ ਪਤਾ ਨਹੀਂ ਚਲਦਾ। ਇਸ ਤੋਂ ਇਲਾਵਾ ਅਜਿਹੇ ਕੇਸਾਂ ਵਿੱਚ ਇਸ ਵਿਭਾਗ ਦੇ ਧਿਆਨ ਵਿੱਚ ਹੇਠ ਅਨੁਸਾਰ ਮੁੱਖ ਤਰੁੱਟੀਆਂ ਸਾਹਮਣੇ ਆਈਆਂ ਹਨ:-

ੳ) ਇਸ ਵਿਭਾਗ ਵਲੋਂ ਜਾਰੀ ਨਿਯਮ/ਹਦਾਇਤਾਂ ਸਬੰਧੀ ਸਲਾਹ/ਵਿਆਖਿਆ/ ਸਪਸ਼ਟੀਕਰਨ ਲੈਣ ਹਿੱਤ ਜੋ ਤਜਵੀਜ਼ਾਂ ਪ੍ਰਾਪਤ ਹੁੰਦੀਆਂ ਹਨ ਉਹ ਜਿਆਦਾਤਰ ਵੱਖ-ਵੱਖ ਵਿਭਾਗਾਂ ਅਧੀਨ ਆਉਂਦੇ ਹੇਠਲੇ ਦਫਤਰਾਂ ਵਲੋਂ ਭੇਜੀਆਂ ਜਾਂਦੀਆਂ ਹਨ ਜਾਂ ਪ੍ਰਬੰਧਕੀ ਸਕੱਤਰ ਦੀ ਪੱਧਰ ਤੇ ਨਹੀਂ ਭੇਜੀਆਂ ਜਾਂਦੀਆਂ ਹਨ। ਇਸ ਲਈ ਇਨ੍ਹਾਂ ਤਜਵੀਜ਼ਾਂ ਨੂੰ ਪ੍ਰਬੰਧਕੀ ਪੱਧਰ ਤੇ ਪੂਰੀ ਤਰ੍ਹਾਂ ਘੋਖਿਆ (examine) ਹੋਇਆ ਨਹੀਂ ਹੁੰਦਾ। ਜਿਸ ਲਈ ਤਜਵੀਜ਼ ਬਾਰੇ ਸਬੰਧਤ ਪ੍ਰਬੰਧਕੀ ਵਿਭਾਗ ਦਾ ਕੀ ਪਿਛੋਕੜ ਹੈ, ਸਥਿਤੀ ਸਪਸ਼ਟ ਨਹੀਂ ਹੁੰਦੀ ਹੈ।

ਅ) ਇਸ ਤੋਂ ਇਲਾਵਾ ਪ੍ਰਬੰਧਕੀ ਵਿਭਾਗ ਜਾਂ ਹੇਠਲੇ ਦਫਤਰਾਂ ਵਲੋਂ ਕੇਸ ਦਾ ਪਿਛੋਕੜ ਦੱਸੇ ਬਿਨ੍ਹਾਂ ਸਿੱਧੇ ਤੌਰ ਤੇ ਪ੍ਰਸ਼ਨ ਹੀ ਕੀਤਾ ਗਿਆ ਹੁੰਦਾ ਹੈ, ਜਿਸ ਤੋਂ ਸਬੰਧਤ ਵਿਭਾਗ/ਦਫਤਰ ਦੀ ਤਜਵੀਜ਼ ਬਾਰੇ ਕੀ ਸਥਿਤੀ ਹੈ, ਸਪੱਸ਼ਟ ਨਹੀਂ ਹੁੰਦੀ ਹੈ।

ੲ) ਇਸ ਵਿਭਾਗ ਵਲੋਂ ਜਾਰੀ ਨਿਯਮ/ਹਦਾਇਤਾਂ ਦੇ ਜਿਸ ਨੁਕਤੇ ਬਾਰੇ ਸਲਾਹ/ਵਿਆਖਿਆ/ ਸਪਸ਼ਟੀਕਰਨ ਸਬੰਧਤ ਵਿਭਾਗ ਨੂੰ ਲੋੜੀਂਦਾ ਹੁੰਦਾ ਹੈ, ਉਸ ਦਾ ਵਰਨਣ, ਸਬੰਧਤ ਵਿਭਾਗ ਦੀ ਤਜਵੀਜ ਵਿੱਚ ਸ਼ਾਮਿਲ ਨਹੀਂ ਹੁੰਦਾ।

ਸ) ਦਫਤਰੀ ਨੋਟ ਦੀ ਕਾਪੀ ਅਤੇ ਵਰਣਿਤ ਨਿਯਮ/ਹਦਾਇਤਾਂ ਦੀ ਦੂਹਰੀ ਕਾਪੀ ਤਜਵੀਜ ਨਾਲ ਨੱਥੀ ਨਹੀਂ ਹੁੰਦੀ।

ਉਕਤ ਤਰੁੱਟੀਆਂ ਹੋਣ ਕਾਰਣ ਇਸ ਵਿਭਾਗ ਵਲੋਂ ਸਬੰਧਤ ਪ੍ਰਬੰਧਕੀ ਵਿਭਾਗ ਦਾ ਧਿਆਨ ਸਰਕਾਰ ਦੀਆਂ ਹਦਾਇਤਾਂ ਮਿਤੀ 29.3.2000 ਵੱਲ ਵਾਰ-ਵਾਰ ਦਿਵਾਉਣਾ ਪੈਂਦਾ ਹੈ। ਜਿਸ ਨਾਲ ਕੀਮਤੀ ਦਫਤਰੀ ਸਮਾਂ ਅਜਾਈਂ ਜਾਂਦਾ ਹੈ ਅਤੇ ਬੇਲੋੜੀ ਲਿਖਾ-ਪੜੀ ਸਬੰਧਤ ਪ੍ਰਬੰਧਕੀ ਵਿਭਾਗ ਨਾਲ ਕਰਨੀ ਪੈਂਦੀ ਹੈ।

2. ਉਪਰੋਕਤ ਤਰੁੱਟੀਆਂ ਸਨਮੁੱਖ ਸਰਕਾਰ ਵਲੋਂ ਆਪ ਦਾ ਧਿਆਨ ਹਵਾਲੇ ਪੱਤਰ ਨੰ: 12/52/2000-2ਪੀਪੀ2/ 10761 ਮਿਤੀ 29.8.2000 (ਨ ਥੀ ਨੱਥੀ) ਵੱਲ ਮੁੜ ਦਿਵਾਉਂਦੇ ਇਹ ਫੈਸਲਾ ਕੀਤਾ ਗਿਆ ਹੈ ਕਿ ਭਵਿੱਖ ਵਿੱਚ ਪ੍ਰਸੋਨਲ ਵਿਭਾਗ ਨੂੰ ਸਲਾਹ/ਸਪਸ਼ਟੀਕਰਣ ਪ੍ਰਾਪਤ ਕਰਨ ਹਿੱਤ ਤਜਵੀਜ ਇਨ੍ਹਾਂ ਹਦਾਇਤਾਂ ਵਿੱਚ ਦਰਜ ਵਿਵਸਥਾਂ ਅਨੁਸਾਰ ਭੇਜੀ ਜਾਵੇ

3. ਪ੍ਰਬੰਧਕੀ ਵਿਭਾਗਾਂ ਵਲੋਂ ਪ੍ਰਸੋਨਲ ਵਿਭਾਗ ਨੂੰ ਸਲਾਹ/ਸਪਸ਼ਟੀਕਰਣ ਹਿੱਤ ਤਜਵੀਜ, ਜਿਹੜੇ ਜਰੂਰੀ ਪ੍ਰਬੰਧਕੀ ਕੇਸਾਂ ਵਿੱਚ ਸਮਾਂ ਸੀਮਾਂ ਪਹਿਲਾਂ ਨਿਰਧਾਰਿਤ ਹੈ, ਉਹਨਾਂ ਕੇਸਾਂ ਦੀ ਤਜਵੀਜ ਘੱਟ-ਘੱਟ 15 ਦਿਨ (ਕੰਮ ਵਾਲੇ) ਪਹਿਲਾਂ ਪ੍ਰਸੋਨਲ ਵਿਭਾਗ ਨੂੰ ਭੇਜੀ ਜਾਵੇ।

ਵਿਸ਼ਵਾਸਪਾਤਰ

ਉਪ ਸਕੱਤਰ ਪ੍ਰਸੋਨਲ

ਉਕਤ ਦਾ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ ਵਿ.ਪ੍ਰੋ. ਨੰ: 12/136/2015-2ਪੀਪੀ2/ ੩੮੫ ਮਿਤੀ, ਚੰਡੀਗੜ੍ਹ ੨੫-੧੨-੧੫

296

50

Copy of Punjab Government ID No. 12/52/2K-2PPII/10761, dated 29th August. 2000 from the Department of Personnel, addressed to all the Financial Commissioners/Principal Secretaries and Administrative Secretaries to the Government of Punjab and a copy to all the Heads of Departments etc. in the State of Punjab.

Subject :– *Transmission of cases to the Department of Personnel and Administrative Reforms for advice/clarification.*

All the Financial Commissioners/Principal Secretaries/Administrative Secretaries to the Government of Punjab, may kindly refer to this Department I.D. No. 20/44/84-3PPII, dated the 21st September, 1984 on the subject noted above.

2. It has been observed that the cases being referred to the Department of Personnel seldom comply with the instructions under reference and that this Department has to return the cases to Administrative Departments with observations. The guidelines laid down in the letter under reference are again reiterated as under:-

(1) the issues involved therein are fully examined by the Department;

(2) it is absolutely necessary to refer the case to Department of Personnel and Administrative Reforms;

(3) the point(s) requiring clarification/advice is/are clearly brought out;

(4) a duplicate copy of the note of the A.D. is added;

(5) the orders of the Administrative Secretary concerned are obtained for referring the case;

(6) the case is marked to 'Department of Personnel'. In the event of the matter being very urgent and requiring personnel attention of a particular officer, the name of the officers and his designation is mentioned in brackets after the Words Department of Personnel and Administrative Reforms; and

(7) relevant papers having direct bearing on the case are added.

It is therefore, requested that in future while sending/referring the cases to the Department of Personnel, the above guidelines may kindly be complied with in letter and spirit.

These instructions may please brought to the notice of all concerned for strict and meticulous compliance.

The receipt of this communication may please be acknowledged.

(297)

No.5/5/99-trg/(5)/342
GOVERNMENT OF PUNJAB
DEPARTMENT OF PERSONNEL
(TRAINING BRANCH)

Dated, Chandigarh, the 30-12-2015

To,

All the Heads of Departments,
Commissioners of Divisions,
Deputy Commissioners and
SDMs in the State of Punjab.

Subject:- **Short term/Long term paid training programmes/Courses organized by private institutions for IAS/PCS and other Departmental officers and the officers of Government Boards/corporations etc. within India and abroad.**

Sir/Madam

I am directed to refer to a D.O. letter No.4/2/87/TRG(IV)/1507 dated the 3rd February, 1987, from the then Chief Secretary to the Government of Punjab I.D.No.5/5/99-trg/(5)/9765, dated, 12.8.99 and letter No. 4/10/2015-Trg(4)/91, dated 23-4-2015 to all Administrative Secretaries and all Heads of Departments on the subject noted above and to say that it has been observed that the Administrative Departments (wherever they are competent) nominate the officers under them to attend various training programmes/courses sponsored by private Institutions/Organizations where fee is to be paid by the Government/ Government Corporations/Boards etc.

2. It has also been observed that these private organizations/institutions charge big amounts as fee and other expenses towards boarding and lodging etc.

3. You are aware that State of Punjab has its own Mahatma Gandhi State Institute of Public Administration, which organises various training courses for various level of officers and charges no fee etc. Similarly, there are several training institutions of Govt. of India, besides, Ministry of Personnel and Training, who are engaged in imparting training to various level officers by conducting training programmes from time to time without charging any fee and officers are regularly sponsored for such training courses/programmes.

4. In view of the position stated above, and in order to exercise economy in public expenditure, it is reiterated as a matter of state policy that Government Departments and Public Sector Undertakings (Corporations/Boards etc.)may not sponsor (where they are competent) any officer for short term/long term training

Contd.....

programmes/courses/ workshops/ seminars/conferences within India or abroad which are organised by Govt./Semi Govt./Public Sector Undertakings(Board/Corporation etc.) and private institutions etc., except mandatory training programmes/courses/ workshops/ seminars/conferences, where the fee and other expenses are to be borne by the State Govt./Semi Govt./Public Sector Undertaking(Board/Corporation etc.)

5. These instructions must be followed in letter and spirit and brought to the notice of all the concerned.

Yours faithfully,

(Gurpreet Kaur Sapra)
Special Secretary Personnel

Copy is forwarded to all the Addl.Chief Secretaries/Financial Commissioners/ Principal Secretaries and Admn. Secretaries for similar action at their end.

Special Secretary Personnel

To

All the Financial Commissioners/Principal Secretaries
and Administrative Secretaries in the State of Punjab.

I.D No.5/5/99-trg/(5)/ 343 Dated,Chandigarh,the 30-12-15

299 300 301

no change ... in place of letter

ਨੰ: 1/3/2014-4ਪੀ.ਪੀ.1/658174/1

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜ਼ਿਲਾ ਅਤੇ ਸੈਸ਼ਨਜ਼ ਜੱਜ,
ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ ਮੈਜਿਸਟਰੇਟ (ਸਿਵਲ)।

ਮਿਤੀ, ਚੰਡੀਗੜ੍ਹ: 04 ਜਨਵਰੀ,2016

ਵਿਸ਼ਾ :- ਕਲਰਕ ਅਤੇ ਸੀਨੀਅਰ ਸਹਾਇਕ ਦੀ ਆਸਾਮੀ ਤੇ ਸਿੱਧੀ ਭਰਤੀ ਰਾਹੀਂ ਨਿਯੁਕਤੀ ਤੋਂ ਪਹਿਲਾਂ ਪੰਜਾਬੀ ਟਾਈਪ ਟੈਸਟ ਦੇ ਨਾਲ ਅੰਗਰੇਜ਼ੀ ਦਾ ਟਾਈਪ ਟੈਸਟ ਵੀ ਪਾਸ ਕਰਨ ਸਬੰਧੀ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾਵਾਂ ਸ਼ਰਤਾਂ) ਨਿਯਮ, 1994 ਦੇ ਨਿਯਮ-14(A) ਅਤੇ ਨਿਯਮ-15 ਵਿੱਚ ਸੋਧ ਕਰਨ ਬਾਰੇ।

ਸ੍ਰੀਮਾਨ ਜੀ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਗਜ਼ਟ ਵਿੱਚ ਛਪੀ ਨੋਟੀਫਿਕੇਸ਼ਨ ਨੰ: G.S.R.69/Const./Art.309/Amd.(16)/2015. ਮਿਤੀ 24 ਦਸੰਬਰ, 2015, (ਕਾਪੀ ਨੱਥੀ) ਵੱਲ ਦਿਵਾਉਣ ਅਤੇ ਇਹ ਸੂਚਿਤ ਕਰਨ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸੇਵਾਵਾਂ ਸ਼ਰਤਾਂ) ਨਿਯਮ, 1994 ਦੇ ਨਿਯਮ 14-A ਦੇ ਸਬ ਰੂਲ (2) ਵਿੱਚ ਸੀਨੀਅਰ ਸਹਾਇਕ ਦੀ ਆਸਾਮੀ ਤੇ ਸਿੱਧੀ ਭਰਤੀ ਰਾਹੀਂ ਨਿਯੁਕਤੀ ਤੋਂ ਪਹਿਲਾਂ ਪੰਜਾਬੀ ਟਾਈਪ ਟੈਸਟ ਤੋਂ ਇਲਾਵਾ ਅੰਗਰੇਜ਼ੀ ਟਾਈਪ ਟੈਸਟ ਪਾਸ ਕਰਨ ਸਬੰਧੀ ਉਪਬੰਧ ਦਰਜ ਕਰਨ ਅਤੇ ਨਿਯਮ 15 ਦੇ ਸਬ ਰੂਲ (2) ਵਿੱਚ ਕਲਰਕ ਦੀ ਆਸਾਮੀ ਤੇ ਸਿੱਧੀ ਭਰਤੀ ਰਾਹੀਂ ਨਿਯੁਕਤੀ ਤੋਂ ਪਹਿਲਾਂ ਕੇਵਲ ਕੰਪਿਊਟਰ ਤੇ, ਪੰਜਾਬੀ ਟਾਈਪ ਟੈਸਟ ਤੋਂ ਇਲਾਵਾ ਅੰਗਰੇਜ਼ੀ ਟਾਈਪ ਟੈਸਟ ਪਾਸ ਕਰਨ ਸਬੰਧੀ ਉਪਬੰਧ ਕਰਨ ਦੇ ਮੰਤਵ ਨਾਲ ਉਕਤ ਨਿਯਮਾਂ ਵਿੱਚ ਸੋਧ ਕਰ ਦਿੱਤੀ ਗਈ ਹੈ।

2. ਇਹ ਆਪਣੇ ਅਧੀਨ ਦਫ਼ਤਰਾਂ ਦੇ ਸਮੂਹ ਕਰਮਚਾਰੀਆਂ ਦੇ ਧਿਆਨ ਵਿੱਚ ਲਿਆਉਣ ਦੀ ਖੇਚਲ ਕੀਤੀ ਜਾਵੇ।

3. ਇਸ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸਪਾਤਰ,

(signature)

ਸੁਪਰਡੰਟ

ਇਸ ਦਾ ਇਕ ਉਤਾਰਾ (ਸਮੇਤ ਨੋਟੀਫਿਕੇਸ਼ਨ ਮਿਤੀ 24 ਦਸੰਬਰ, 2015 ਦੀ ਕਾਪੀ) ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

(signature)

ਸੁਪਰਡੰਟ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਫ਼.ਪੱ.ਨੰ: 1/3/2014-4ਪੀ.ਪੀ.1/658174/2 ਮਿਤੀ, ਚੰਡੀਗੜ੍ਹ: 4 ਜਨਵਰੀ,2015

PART III

GOVERNMENT OF PUNJAB

DEPARTMENT OF PERSONNEL
(PERSONNEL POLICIES-1 BRANCH)

NOTIFICATION

The 24th December, 2015

No.G.S.R.69/Const./Art.309/Amd.(16)/2015.- In exercise of the powers conferred by the proviso to article 309 of the Constitution of India and all other powers enabling him in this behalf, the Governor of Punjab is pleased to make the following rules further to amend the Punjab Civil Services (General and Common Conditions of Service) Rules, 1994, namely :-

RULES

1. (1) These rules may be called the Punjab Civil Services (General and Common Conditions of Service) (Third Amendment) Rules, 2015.

(2) They shall come into force on and with effect from the date of their publication in the Official Gazette.

2. In the Punjab Civil Services (General and Common Conditions of Service) Rules, 1994,-

(i) in rule 14-A, in sub-rule (2), for the words" qualified a test in Punjabi", the words and signs " passed a test in English and Punjabi, respectively," shall be substituted; and

(ii) in rule 15, in sub-rule (2), for the words "qualified a test in Punjabi typewriting either on computer or on manual or electronic typewriter", the words and signs "passed a test in English and Punjabi, respectively, on computer" shall be substituted

SARVESH KAUSHAL,
Chief Secretary to Government of Punjab.

919/12-2015/Pb. Govt. Press, S.A.S. Nagar

ਨੰ: 6/51/2009-1ਪੀ.ਪੀ.3/ 67/206/1 (303)

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪੀ.ਪੀ.3 ਸ਼ਾਖਾ)

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸ਼ਨਰਜ਼,
ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਜ਼ ਅਤੇ
ਉੱਪ ਮੰਡਲ ਮੈਜਿਸਟਰੇਟ, ਪੰਜਾਬ ।

ਮਿਤੀ, ਚੰਡੀਗੜ੍ਹ: 19-01-2016

ਵਿਸ਼ਾ: ਭਾਰਤ ਸਰਕਾਰ ਦੇ ਪੈਟਰਨ ਤੇ ਪੰਜਾਬ ਸਰਕਾਰ ਦੇ ਕਰਮਚਾਰੀਆਂ ਨੂੰ ਐਲ.ਟੀ.ਸੀ. ਦੀਆਂ ਸਹੂਲਤਾਂ ਦੇਣ ਬਾਰੇ ।

****

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ ਮੈਨੂੰ ਆਪ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ: 6/51/2009-6ਪੀ.ਪੀ.3/1617, ਮਿਤੀ 03.12.2010 ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਨੇ ਆਪਣੇ ਕਰਮਚਾਰੀਆਂ ਨੂੰ ਉਨ੍ਹਾਂ ਦੀ ਗ੍ਰੇਡ ਪੇ ਅਨੁਸਾਰ 5 ਕੈਟੇਗਰੀਆਂ ਵਿੱਚ ਹੇਠ ਅਨੁਸਾਰ ਵੰਡਦੇ ਹੋਏ ਐਲ.ਟੀ.ਸੀ. ਦੀਆਂ ਸਹੂਲਤਾ ਨੂੰ ਸੋਧਣ ਦਾ ਫੈਸਲਾ ਕੀਤਾ ਹੈ :-

ਕੈਟਾਗਰੀ	ਗਰੇਡ ਪੇ
I	ਰੁ: 10,000/- ਅਤੇ ਇਸ ਤੋਂ ਵੱਧ
II	ਰੁ: 7600/- ਤੋਂ ਰੁ: 9999/- ਤੱਕ
III	ਰੁ: 5400/- ਤੋਂ ਰੁ: 7599/- ਤੱਕ
IV	ਰੁ: 3800/- ਤੋਂ ਰੁ: 5399/- ਤੱਕ
V	ਰੁ:3800/- ਤੋਂ ਘੱਟ

ੳ) ਹਵਾਈ ਜਹਾਜ ਰਾਂਹੀ ਸਫਰ

ਕੈਟਾਗਰੀ	ਗਰੇਡ ਪੇ	ਹੱਕਦਾਰੀ
I &II	ਰੁ: 7600/- ਅਤੇ ਇਸ ਤੋਂ ਵੱਧ	ਹਵਾਈ ਜਹਾਜ ਦੀ ਇਕਾਨਮੀ ਕਲਾਸ ਰਾਂਹੀ।
III	ਰੁ: 5400/- ਤੋਂ ਰੁ: 7599/- ਤੱਕ	ਹਵਾਈ ਜਹਾਜ ਦੀ ਇਕਾਨਮੀ ਕਲਾਸ ਰਾਂਹੀ (ਇਸ ਸ਼ਰਤ ਨਾਲ ਕੀ ਸਫਰ ਦੀ ਦੂਰੀ 500 ਕਿਲੋਮੀਟਰ ਤੋਂ ਵੱਧ ਹੋਵੇਗੀ)

(ਅ) ਰੇਲ ਰਾਂਹੀ ਸਫਰ

ਕੈਟਾਗਰੀ	ਗਰੇਡ ਪੇ	ਹੱਕਦਾਰੀ
I	ਰੁ: 10,000/- ਅਤੇ ਇਸ ਤੋਂ ਵੱਧ	ਪਹਿਲਾ ਦਰਜਾ ਵਾਤਾ- ਅਨੁਕੁਲ/ ਐਗਜੈਕਟਿਵ ਕਲਾਸ
II	ਰੁ: 7600/- ਤੋਂ ਰੁ: 9999/- ਤੱਕ	ਪਹਿਲਾ ਦਰਜਾ / ਵਾਤਾ-ਅਨੁਕੁਲ ਚੇਅਰਕਾਰ/ ਵਾਤਾ-ਅਨੁਕੁਲ-2 ਟਾਈਰ ਸਲੀਪਰ।
III	ਰੁ: 5400/- ਤੋਂ ਰੁ: 7599/- ਤੱਕ	ਪਹਿਲਾ ਦਰਜਾ/ ਵਾਤਾ- ਅਨੁਕੁਲ ਚੇਅਰਕਾਰ / ਵਾਤਾ-ਅਨੁਕੁਲ-3 ਟਾਈਰ ਸਲੀਪਰ।
IV&V	ਰੁ: 5399/- ਅਤੇ ਉਸ ਤੋਂ ਘੱਟ	ਦੂਜਾ ਦਰਜਾ ਸਲੀਪਰ

ੲ) ਰਾਜਧਾਨੀ ਐਕਸਪ੍ਰੈਸ ਰੇਲ ਰਾਂਹੀ ਸਫਰ

ਕੈਟਾਗਰੀ	ਗਰੇਡ ਪੇ	ਹੱਕਦਾਰੀ
I	ਰੁ: 10,000/- ਅਤੇ ਇਸ ਤੋਂ ਵੱਧ	ਪਹਿਲਾ ਦਰਜਾ ਵਾਤਾ-ਅਨੁਕੁਲ/ਐਗਜੈਕਟਿਵ ਕਲਾਸ।
II	ਰੁ: 7600/- ਤੋਂ ਰੁ: 9999/- ਤੱਕ	ਪਹਿਲਾ ਦਰਜਾ/ ਵਾਤਾ-ਅਨੁਕੁਲ ਚੇਅਰਕਾਰ/ ਵਾਤਾ-ਅਨੁਕੁਲ -2 ਟਾਈਰ ਸਲੀਪਰ
III	ਰੁ: 5400/- ਤੋਂ ਰੁ: 7599/- ਤੱਕ	ਪਹਿਲਾ ਦਰਜਾ/ ਵਾਤਾ-ਅਨੁਕੁਲ ਚੇਅਰਕਾਰ/ ਵਾਤਾ-ਅਨੁਕੁਲ -3 ਟਾਈਰ ਸਲੀਪਰ

ਸ਼ਤਾਬਦੀ ਐਕਸਪ੍ਰੈਸ ਰੇਲਾਂ ਰਾਂਹੀ ਸਫਰ

ਕੈਟਾਗਰੀ	ਗਰੇਡ ਪੇ	ਹੱਕਦਾਰੀ
I	ਰੁ: 10,000/- ਅਤੇ ਇਸ ਤੋਂ ਵੱਧ	ਪਹਿਲਾ ਦਰਜਾ ਵਾਤਾ-ਅਨੁਕੁਲ/ਐਗਜੈਕਟਿਵ ਕਲਾਸ
II & III	ਰੁ: 5400/- ਤੋਂ ਰੁ: 9999/- ਤੱਕ	ਪਹਿਲਾ ਦਰਜਾ/ ਵਾਤਾ-ਅਨੁਕੁਲ ਚੇਅਰਕਾਰ/ ਵਾਤਾ-ਅਨੁਕੁਲ -2 ਟਾਈਰ ਸਲੀਪਰ

ਨੋਟ:- ਰਾਜਧਾਨੀ/ਸ਼ਤਾਬਦੀ ਰੇਲਾਂ ਰਾਂਹੀ ਸਫਰ ਲਾਗੂ ਹੋਣ ਯੋਗ ਤਾਂ ਹੀ ਹੋਵੇਗਾ ਜੇਕਰ ਅਸਲ ਵਿੱਚ ਇਹਨਾਂ ਰੇਲਾਂ ਰਾਂਹੀ ਸਫਰ ਕੀਤਾ ਹੋਵੇ ਅਤੇ ਹਕੱਦਾਰੀ ਨੂੰ ਨਿਸਚਿਤ ਕਰਨ ਲਈ ਅਨੁਮਾਨਿਤ ਤੌਰ ਤੇ ਨਹੀ ਗਿਣਿਆ ਜਾਵੇਗਾ।

305

(ਸ) ਸੰਮੁਦਰ ਜਾਂ ਦਰਿਆ ਦੁਆਰਾ ਸਟੀਮਰ ਤੇ ਸਫਰ

ਕੇਟਾਗਰੀ	ਗਰੇਡ ਪੇ	ਹੱਕਦਾਰੀ
I	ਰੁ: 10,000/- ਅਤੇ ਇਸ ਤੋਂ ਵੱਧ	ਉਚੇ ਤੋਂ ਉਚਾ ਦਰਜਾ
II	ਰੁ: 7600/- ਤੋਂ ਰੁ: 9999/- ਤੱਕ	ਜੇਕਰ ਸਟੀਮਰ ਵਿੱਚ ਕੇਵਲ ਦੋ ਦਰਜੇ ਹੀ ਹੋਣ ਤਾਂ ਹੇਠਲੇ ਦਰਜੇ ਤੇ
III	ਰੁ: 5400/- ਤੋਂ ਰੁ: 7599/- ਤੱਕ	ਜੇਕਰ ਸਟੀਮਰ ਵਿੱਚ ਤਿੰਨ ਦਰਜੇ ਹੋਣ ਤਾਂ ਦਰਮਿਆਨਾ ਜਾਂ ਦੂਜਾ ਦਰਜਾ ਪਰ ਜੇਕਰ ਚਾਰ ਦਰਜੇ ਹੋਣ ਤਾਂ ਤੀਜਾ ਦਰਜਾ
IV&V	ਰੁ: 5399/- ਅਤੇ ਉਸ ਤੋਂ ਘੱਟ	ਸਭ ਤੋਂ ਨੀਵਾਂ ਦਰਜਾ

ਮੇਨਲੈਂਡ ਅਤੇ ਅੰਡੇਮਾਨ ਸਫਰ ਵਾਸਤੇ ਥਾਂ ਹੱਕਦਾਰੀ ਮੇਨਲੈਂਡ ਅਤੇ ਅੰਡੇਮਾਨ ਅਤੇ ਨਿਕੋਬਾਰ ਦੇ ਟਾਪੂਆਂ ਦੇ ਗਰੁਪ ਅਤੇ ਲਕਸ਼ਦੀਪ ਦੇ ਟਾਪੂਆਂ ਤੇ ਸਫਰ ਸ਼ਿਪਿੰਗ ਕਾਰਪੋਰੇਸ਼ਨ ਆਫ ਇੰਡੀਆ ਲਿਮਟਿਡ ਦੁਆਰਾ ਚਲਾਏ ਜਾਂਦੇ ਹਨ, ਜੋ ਨਿਮਨ ਅਨੁਸਾਰ ਹੋਣਗੇ :-

ਕੈਟਾਗਰੀ	ਗਰੇਡ ਪੇ	ਹੱਕਦਾਰੀ
I	ਰੁ: 10,000/- ਅਤੇ ਇਸ ਤੋਂ ਵੱਧ	ਡੀਲਕਸ ਦਰਜਾ
II	ਰੁ: 7600/- ਤੋਂ ਰੁ: 9999/- ਤੱਕ	ਪਹਿਲਾ ਦਰਜਾ/'ਏ' ਕੈਬਿਨ ਕਲਾਸ
III	ਰੁ: 5400/- ਤੋਂ ਰੁ: 7599/- ਤੱਕ	ਦੂਜਾ ਦਰਜਾ/' ਬੀ' ਕੈਬਿਨ ਕਲਾਸ
IV&V	ਰੁ: 5499/- ਅਤੇ ਉਸ ਤੋਂ ਘੱਟ	ਸਮੂਹ ਕਲਾਸ

ਹ) ਸੜਕ ਦੁਆਰਾ ਸਫਰ

ਕੈਟਾਗਰੀ	ਗਰੇਡ ਪੇ	ਹੱਕਦਾਰੀ
I &II	ਰੁ: 7600/- ਅਤੇ ਇਸ ਤੋਂ ਵੱਧ	ਕਿਸੇ ਵੀ ਪਬਲਿਕ ਬੱਸ ਦਾ ਅਸਲ ਕਿਰਾਇਆ ਸਮੇਤ ਏਅਰ ਕੰਡੀਸਨਡ ਬੱਸ ਜਾਂ ਟਰਾਂਸਪੋਰਟ ਵਿਭਾਗ ਵਲੋਂ ਏ.ਸੀ ਟੈਕਸੀ/ਟੈਕਸੀ ਦੇ ਨਿਸ਼ਚਿਤ ਕੀਤੇ ਰੇਟਸ (ਏ.ਸੀ ਟੈਕਸੀ ਜਦੋਂ ਸਫਰ ਅਸਲ ਵਿੱਚ ਏ.ਸੀ.ਟੈਕਸੀ ਰਾਂਹੀ ਕੀਤਾ ਜਾਵੇ) ਰਾਂਹੀ ਸਫਰ ਜਦੋਂ ਥਾਵਾਂ ਰੇਲ ਨਾਲ ਨਾ ਜੁੜੀਆਂ ਹੋਈਆਂ ਹੋਣ ਅਤੇ ਸ਼ਰਤ ਇਹ ਹੋਵੇਗੀ ਕਿ ਬੱਸ ਰਾਂਹੀ ਸਫਰ ਹੱਕਦਾਰ ਦਰਜਾ ਜਾਂ ਅਸਲ ਟੈਕਸੀ ਦਾ ਦਿੱਤਾ ਕਿਰਾਇਆ ਜੋ ਵੀ ਘੱਟ ਹੋਵੇਗਾ, ਤੱਕ ਸੀਮਤ ਹੋਵੇਗਾ।
III	ਰੁ: 5400/- ਤੋਂ ਰੁ: 7599/- ਤੱਕ	ਜਿਵੇਂ ਕਿ ਉਪਰ (1) ਉਤੇ ਦਰਜ ਹੈ ਪਰ ਏ.ਸੀ.ਟੈਕਸੀ ਸਫਰ ਦੀ ਇਜਾਜਤ ਨਹੀ ਹੋਵੇਗੀ।
IV&V	ਰੁ: 5399/- ਅਤੇ ਉਸ ਤੋਂ ਘੱਟ	ਸਾਧਾਰਣ ਬੱਸ ਦਾ ਕਿਰਾਇਆ।

ਨੋਟ: ਸਾਰੇ ਕੇਸਾਂ ਵਿੱਚ ਏ.ਸੀ.ਟੈਕਸੀ/ਟੈਕਸੀ ਜਾਂ ਆਟੋ ਰਿਕਸ਼ਾ ਰਾਂਹੀ ਸਫਰ ਕਰਕੇ, ਕਿਰਾਏ ਦੀ ਰਸੀਦ ਪੇਸ਼ ਕਰਨੀ ਜ਼ਰੂਰੀ ਹੋਵੇਗੀ।

ਫੈਮਲੀ ਦੀ ਪਰੀਭਾਸ਼ਾ

1) ਇਸ ਅਨੁਸਾਰ ਸਰਕਾਰੀ ਕਰਮਚਾਰੀ ਦੀ ਪਤਨੀ ਜਾਂ ਪਤੀ, ਜਿਸ ਤਰ੍ਹਾਂ ਦਾ ਵੀ ਕੇਸ ਹੋਵੇ ਅਤੇ ਦੋ ਅਣ-ਵਿਆਹੇ ਜੀਵਤ ਬੱਚੇ ਜਾਂ ਸਰਕਾਰੀ ਕਰਮਚਾਰੀ ਉਪਰ ਪੂਰਨ ਤੌਰ ਤੇ ਨਿਰਭਰ ਮਤਬੰਨੇ ਬੱਚੇ ਫੈਮਿਲੀ ਦਾ ਹਿੱਸਾ ਹੋਣਗੇ।

2) ਸ਼ਾਦੀ-ਸ਼ੁਦਾ ਲੜਕੀਆਂ, ਜਿਹੜੀਆਂ ਕਿ ਤਲਾਕ-ਸ਼ੁਦਾ, ਤਿਆਗੀਆਂ ਹੋਈਆਂ ਜਾਂ ਆਪਣੇ ਪਤੀਆਂ ਤੋਂ ਅਲੱਗ ਹੋਈਆਂ ਹੋਣ ਅਤੇ ਸਰਕਾਰੀ ਕਰਮਚਾਰੀ ਨਾਲ ਰਹਿੰਦੀਆਂ ਹੋਣ ਅਤੇ ਪੂਰੀ ਤਰ੍ਹਾਂ ਸਰਕਾਰੀ ਕਰਮਚਾਰੀ ਉਤੇ ਨਿਰਭਰ ਹੋਣ।

3) ਮਾਤਾ-ਪਿਤਾ ਜਾਂ ਮਤਰੇਏ ਮਾਤਾ-ਪਿਤਾ ਸਰਕਾਰੀ ਕਰਮਚਾਰੀ ਨਾਲ ਰਹਿੰਦੇ ਹੋਣ ਅਤੇ ਪੂਰੀ ਤਰ੍ਹਾਂ ਉਸਤੇ ਨਿਰਭਰ ਹੋਣ।

4) ਅਣ-ਵਿਆਹੇ ਨਾਬਾਲਗ ਭਰਾ ਅਤੇ ਅਣ-ਵਿਆਹੀਆਂ, ਤਲਾਕਸ਼ੁਦਾ, ਛੱਡੀਆਂ ਹੋਈਆਂ, ਆਪਣੇ ਪਤੀਆਂ ਤੋਂ ਵੱਖ ਹੋਈਆਂ ਜਾਂ ਵਿਧਵਾ ਭੈਣਾ ਜੋ ਸਰਕਾਰੀ ਕਰਮਚਾਰੀ ਨਾਲ ਰਹਿ ਰਹੀਆਂ ਹੋਣ ਅਤੇ ਉਸਤੇ ਪੂਰੀ ਤਰ੍ਹਾਂ ਨਿਰਭਰ ਹੋਣ। ਬਸ਼ਰਤੇ ਕਿ ਉਹਨਾਂ ਦੇ ਮਾਤਾ ਪਿਤਾ ਜਿਉਂਦੇ ਨਾ ਹੋਣ ਜਾਂ ਉਹ ਖੁਦ ਵੀ ਸਰਕਾਰੀ ਕਰਮਚਾਰੀ ਤੇ ਨਿਰਭਰ ਹੋਣ।

ਵਿਆਖਿਆ:-

ਕੇਵਲ ਦੋ ਜੀਵਤ ਬੱਚਿਆਂ ਜਾਂ ਮਤਬਨੇ ਬੱਚਿਆਂ ਦੀ ਐਲ.ਟੀ.ਸੀ. ਦੀ ਸੁਵਿਧਾ ਤੇ ਬੰਦਸ਼ ਉਨ੍ਹਾਂ ਉਤੇ ਲਾਗੂ ਨਹੀ ਹੋਵੇਗੀ:-

1) ਜਿਨ੍ਹਾਂ ਕਰਮਚਾਰੀਆਂ ਦੇ ਇਸ ਬੰਦਸ਼ ਦੇ ਲਾਗੂ ਹੋਣ ਤੋਂ ਪਹਿਲਾਂ ਜਿਵੇ ਕਿ 20-10-1997 ਤੋਂ ਪਹਿਲਾਂ ਹੀ ਦੋ ਤੋਂ ਵੱਧ ਬੱਚੇ ਹੋਣ।

2) ਇਹ ਬੰਦਸ਼ ਲਾਗੂ ਹੋਣ ਤੋਂ ਇਕ ਸਾਲ ਵਿੱਚ ਪੈਦਾ ਹੋਏ ਬੱਚੇ।

3) ਜਿਥੇ ਕਿ ਬੱਚਿਆਂ ਦੀ ਗਿਣਤੀ ਦੋ ਜਣੇਪੇ ਦੇ ਫਲਸਰੂਪ ਜਿਆਦਾ ਬੱਚੇ ਪੈਦਾ ਹੋਣ ਕਰਕੇ।

2. ਇਨ੍ਹਾਂ ਨਿਯਮਾਂ ਦੇ ਮਕਸਦ ਲਈ ਫੈਮਲੀ ਦੀ ਸਰਤ ਵਿੱਚ ਇਕ ਤੋਂ ਵੱਧ ਪਤਨੀ ਸ਼ਾਮਿਲ ਨਹੀ ਹੈ। ਫਿਰ ਵੀ ਜੇਕਰ ਸਰਕਾਰੀ ਕਰਮਚਾਰੀ ਦੀਆਂ ਕਾਨੂੰਨੀ ਤੌਰ ਤੇ ਦੋ ਪਤਨੀਆਂ ਹੋਣ ਅਤੇ ਦੂਜੀ ਸ਼ਾਦੀ ਸਰਕਾਰ ਦੀ ਖਾਸ ਆਗਿਆ ਨਾਲ ਹੋਵੇ ਤਾਂ ਦੂਜੀ ਪਤਨੀ ਵੀ ਫੈਮਲੀ ਦੀ ਪਰਿਭਾਸ਼ਾ ਵਿੱਚ ਸ਼ਾਮਲ ਕੀਤੀ ਜਾਵੇਗੀ।

3. ਭਾਂਵੇ ਪਤੀ-ਪਤਨੀ ਅਤੇ ਬੱਚਿਆਂ ਲਈ ਸਰਕਾਰੀ ਕਰਮਚਾਰੀ ਨਾਲ ਰਹਿਣਾ ਜਰੂਰੀ ਨਹੀ ਤਾਂ ਜੋ ਉਹ ਐਲ.ਟੀ.ਸੀ. ਲਈ ਯੋਗ ਬਣ ਸਕਣ,ਪਰ ਉਹਨਾਂ ਦਾ ਐਲ.ਟੀ.ਸੀ.ਅਸਲ ਵਿੱਚ ਐਲ.ਟੀ.ਸੀ.ਦੀ ਯਾਤਰਾ ਕਰਨ ਤੱਕ ਸੀਮਿਤ ਹੋਵੇਗਾ ਜਾਂ ਹੈਡ ਕੁਆਰਟਰ/ਕਰਮਚਾਰੀ ਦੀ ਤਾਇਨਾਤੀ ਦੀ ਜਗ੍ਹਾਂ ਅਤੇ ਹੋਮ ਟਾਊਨ/ਜਾਣ ਦੀ ਜਗਾ ਵਿਚਕਾਰ ਫਾਸਲਾ, ਜਿਹੜਾ ਵੀ ਘੱਟ ਹੋਵੇ, ਅਨੁਸਾਰ ਹੋਵੇਗਾ।

4. ਤਲਾਕ ਸ਼ੁਦਾ, ਛੱਡੀਆਂ ਹੋਈਆਂ,ਪਤੀਆਂ ਤੋਂ ਵੱਖ ਕੀਤੀਆਂ ਜਾਂ ਵਿਧਵਾ ਭੈਣਾ ਦੇ ਬੱਚੇ ਫੈਮਲੀ ਦੀ ਪਰਿਭਾਸ਼ਾ ਵਿੱਚ ਸ਼ਾਮਲ ਨਹੀ ਹਨ।

5. ਪਰਿਵਾਰ ਦਾ ਕੋਈ ਮੈਂਬਰ, ਜਿਸਦੀ ਆਮਦਨ ਸਾਰੇ ਸਾਧਨਾ ਸਮੇਤ ਮੌਜੂਦਾ ਦਰਾਂ ਤੇ ਮਿਲਣਯੋਗ ਘੱਟੋ ਘੱਟ ਫੈਮਿਲੀ ਪੈਨਸ਼ਨ ਜੋ ਕਿ ਮੌਜੂਦਾ ਦਰਾਂ ਨਾਲ 3500/- ਰੁਪਏ ਜਮਾ ਮਹਿਗਾਈ ਭੱਤਾ ਪ੍ਰਤੀ ਮਹੀਨਾ ਹੈ, ਤੋਂ ਵੱਧ ਨਾ ਹੋਵੇ ਤਾਂ ਉਹ ਸਰਕਾਰੀ ਕਰਮਚਾਰੀ ਤੇ ਪੂਰਨ ਤੌਰ ਤੇ ਨਿਰਭਰ ਸਮਝਿਆ ਜਾਵੇਗਾ।

6. ਇਹ ਹਦਾਇਤਾਂ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਲਾਗੂ ਹੋਣਗੀਆ ਅਤੇ ਜੇਕਰ ਇਹਨਾਂ ਹਦਾਇਤਾਂ ਨਾਲ ਕਿਸੇ ਅਧਿਕਾਰੀ/ਕਰਮਚਾਰੀ ਦੀ ਹੱਕਦਾਰੀ ਪਹਿਲਾਂ ਜਾਰੀ ਹਦਾਇਤਾਂ ਨਾਲੋਂ ਘੱਟਦੀ ਹੈ ਤਾਂ ਉਸ ਦੀ ਹੱਕਦਾਰੀ ਘਟਾਈ ਨਹੀ ਜਾਵੇਗੀ ਅਤੇ ਉਹ ਪਹਿਲੀ ਹੱਕਦਾਰੀ ਅਨੁਸਾਰ ਹੀ ਦੋਨਾਂ ਵਿੱਚੋਂ ਉਚ ਹੱਕਦਾਰੀ ਦੇ ਹੱਕਦਾਰ ਰਹਿਣਗੇ।

7. ਇਹ ਹਦਾਇਤਾਂ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆ ਦਿੱਤੀਆਂ ਜਾਣ।

8. ਇਹ ਹਦਾਇਤਾਂ ਵਿੱਤ ਵਿਭਾਗ ਦੇ ਅੰ: ਵਿ: ਪੱ: ਨੰ: 1/3/2012-3ਵਿਪ੍2/211462/1, ਮਿਤੀ 29-04-2014 ਰਾਂਹੀ ਦਿੱਤੀ ਸਲਾਹ ਦੇ ਆਧਾਰ ਤੇ ਜਾਰੀ ਕੀਤੀਆਂ ਜਾ ਰਹੀਆਂ ਹਨ।

ਉਪ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਪੰਜਾਬ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ/ਪ੍ਰਮੁੱਖ ਸਕੱਤਰਾਂ/ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ/ਪ੍ਰਬੰਧਕੀ ਸਕੱਤਰ,
ਪੰਜਾਬ

ਅੰ:ਵਿ:ਪੱ:ਨੰ:6/51/2009-1ਪੀਪੀ3/ 671206/2 ਮਿਤੀ,ਚੰਡੀਗੜ੍ਹ: 19-01-2016
ਪਿੱਠ ਅੰਕਣ ਨੰ:6/51/2009-1ਪੀਪੀ3/ 671206/3 ਮਿਤੀ,ਚੰਡੀਗੜ੍ਹ: 19-01-2016

ਇਸ ਦਾ ਇਕ ਉਤਾਰਾ ਪੰਜਾਬ ਸਰਕਾਰ ਅਧੀਨ ਕੰਮ ਕਰਦੇ ਸਾਰੇ ਬੋਰਡਾਂ/ਕਾਰਪੋਰੇਸ਼ਨਾਂ ਆਦਿ ਨੂੰ ਸੂਚਨਾ ਅਤੇ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ ।

ਉਪ ਸਕੱਤਰ ਪ੍ਰਸੋਨਲ

ਇਸ ਦਾ ਇਕ ਉਤਾਰਾ ਵਿੱਤ ਵਿਭਾਗ,ਪੰਜਾਬ(ਵਿੱਤ ਪ੍ਰਸੋਨਲ 2 ਸ਼ਾਖਾ) ਨੂੰ ਉਨ੍ਹਾਂ ਦੇ ਅੰ: ਵਿ: ਪੱ: ਨੰ: 1/3/2012-3ਵਿਪ੍2/211462/1 ਮਿਤੀ 29-04-2014 ਦੇ ਹਵਾਲੇ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ

ਸੇਵਾ ਵਿਖੇ

ਵਿੱਤ ਵਿਭਾਗ,ਪੰਜਾਬ
(ਵਿੱਤ ਪ੍ਰਸੋਨਲ -2 ਸ਼ਾਖਾ)

ਅੰ:ਵਿ:ਪੱ:ਨੰ:6/51/2009-1ਪੀਪੀ3/ 671206/4 ਮਿਤੀ,ਚੰਡੀਗੜ੍ਹ: 19-01-2016

308

ਨੰ: 18/13/2013-4ਪੀ.ਪੀ.1/676526/1

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਡਵੀਜ਼ਨਾਂ ਦੇ ਕਮਿਸ਼ਨਰਜ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਜਿਲ੍ਹਾ ਅਤੇ ਸੈਸ਼ਨਜ਼ ਜੱਜ,
ਸਮੂਹ ਡਿਪਟੀ ਕਮਿਸ਼ਨਰਜ਼ ਅਤੇ
ਸਮੂਹ ਉਪ ਮੰਡਲ ਮੈਜਿਸਟਰੇਟ (ਸਿਵਲ)।

ਮਿਤੀ, ਚੰਡੀਗੜ੍ਹ: 25 ਜਨਵਰੀ,2016

ਵਿਸ਼ਾ :- ਪੰਜਾਬ ਸਿਵਲ ਸੇਵਾਵਾਂ (ਆਮ ਅਤੇ ਸਾਂਝੀਆਂ ਸ਼ਰਤਾਂ ਸੇਵਾਵਾਂ) ਨਿਯਮ, 1994 ਦੇ ਨਿਯਮ-8 ਵਿੱਚ ਸੋਧ ਕਰਨ ਬਾਰੇ।

ਸ੍ਰੀਮਾਨ ਜੀ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਆਪ ਜੀ ਨੂੰ ਪੰਜਾਬ ਸਰਕਾਰ ਦੇ ਗਜ਼ਟ ਅਧਿਸੂਚਨਾ ਨੰ: G.S.R.11/Const./Art.309/Amd.(17)/2016, ਮਿਤੀ 19 ਜਨਵਰੀ, 2016, ਦੀ ਕਾਪੀ ਸੂਚਨਾ ਅਤੇ ਅਗਲੇਰੀ ਕਾਰਵਾਈ ਹਿਤ ਭੇਜੀ ਜਾਂਦੀ ਹੈ। ਇਸ ਦੇ ਤੱਥ ਆਪਣੇ ਅਧੀਨ ਦਫ਼ਤਰਾਂ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਦੇ ਧਿਆਨ ਵਿੱਚ ਲਿਆਉਣ ਦੀ ਖੇਚਲ ਕੀਤੀ ਜਾਵੇ।

2. ਇਸ ਦੀ ਪਹੁੰਚ ਰਸੀਦ ਭੇਜੀ ਜਾਵੇ।

ਵਿਸ਼ਵਾਸ਼ਪਾਤਰ,

ਸੁਪਰਡੰਟ

ਇਸ ਦਾ ਇਕ ਉਤਾਰਾ (ਸਮੇਤ ਨੋਟੀਫਿਕੇਸ਼ਨ ਮਿਤੀ 19 ਜਨਵਰੀ, 2016 ਦੀ ਕਾਪੀ) ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਸੁਪਰਡੰਟ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼/ਪ੍ਰਮੁੱਖ ਸਕੱਤਰ,
ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 18/13/2013-4ਪੀ.ਪੀ.1/676526/2 ਮਿਤੀ, ਚੰਡੀਗੜ੍ਹ: 25 ਜਨਵਰੀ,2016

309

PART III

GOVERNMENT OF PUNJAB

DEPARTMENT OF PERSONNEL
(PERSONNEL POLICIES-1 BRANCH)

NOTIFICATION

The 19th January, 2016

No.G.S.R.11/Const./Art.309/Amd.(17)/2016. -- In exercise of the powers conferred by the proviso to article 309 of the Constitution of India, and all other powers enabling him in this behalf, the Governor of Punjab is pleased to make the following rules further to amend the Punjab Civil Services (General and Common Conditions of Service) Rules, 1994, namely :-

RULES

1. (1) These rules may be called the Punjab Civil Services (General and Common Conditions of Service)(First Amendment) Rules, 2016.

(2) They shall come into force on and with effect from the date of their publication in the Official Gazette.

2. In the Punjab Civil Services (General and Common Conditions of Service) Rules, 1994, in rule 8, at the end of clause (d), for the sign ".", the sign ":" shall be substituted and thereafter, the following proviso shall be added, namely:-

> "Provided further that in the case of persons recruited by direct appointment in the same cadre obtaining equal marks during same selection process, their *inter-se-seniority* shall be determined on the basis of their age. That is, an older person shall be senior to the younger person.".

SARVESH KAUSHAL,
Chief Secretary to Government of Punjab.

936/01-2016/Pb. Govt. Press, S.A.S. Nagar

ਪੰਜਾਬ ਸਰਕਾਰ

ਨੰ: 3/21/2009-2ਪੀਪੀ2/691126/1

ਪੰਜਾਬ ਸਰਕਾਰ

ਪ੍ਰਸੋਨਲ ਵਿਭਾਗ

(ਪ੍ਰਸੋਨਲ ਪਾਲਿਸੀਜ਼-2 ਸ਼ਾਖਾ)

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ;
ਡਵੀਜਨਾਂ ਦੇ ਕਮਿਸ਼ਨਰ;
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ,
ਜ਼ਿਲ੍ਹਾ ਅਤੇ ਸੈਸ਼ਨ ਜੱਜ;
ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ; ਅਤੇ
ਸਮੂਹ ਸਬ ਡਵੀਜ਼ਨਲ ਮੈਜਿਸਟਰੇਟ।

ਮਿਤੀ, ਚੰਡੀਗੜ੍ਹ: 17/2/2016

ਵਿਸ਼ਾ:- ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ, 1970 ਅਧੀਨ ਕੀਤੀ ਜਾਂਦੀ ਪੜਤਾਲ ਲਈ ਤੈਨਾਤ ਪੜਤਾਲੀਆਂ ਅਫਸਰਾਂ ਦੇ ਮੌਜੂਦਾ ਪੈਨਲ ਵਿੱਚ ਸ੍ਰੀ ਮਨਜੀਤ ਸਿੰਘ, ਪੀ.ਸੀ.ਐਸ.-1, ਡਿਪਟੀ ਰਜਿਸਟਰਾਰ (ਰਿਟਾ.) ਦਾ ਨਾਮ ਸਾਮਿਲ ਕਰਨ ਬਾਰੇ।

******

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਉਪਰੋਕਤ ਵਿਸ਼ੇ ਸਬੰਧੀ ਆਪ ਦਾ ਧਿਆਨ ਇਸ ਵਿਭਾਗ ਦੇ ਹਾਸ਼ਤੀ ਪੱਤਰ ਨੰ: 3/21/2009-2ਪੀਪੀ2/283641/1 ਮਿਤੀ 6-8-2014 ਅਤੇ ਇਸ ਸਬੰਧੀ ਸਮੇਂ ਸਮੇਂ ਤੇ ਜਾਰੀ ਪੱਤਰ ਮਿਤੀ 29.9.14 ਅਤੇ ਮਿਤੀ 16.12.14 ਵੱਲ ਦਿਵਾਉਂਦੇ ਹੋਏ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਿਵਲ ਸੇਵਾਵਾਂ (ਸਜਾ ਤੇ ਅਪੀਲ) ਨਿਯਮਾਂਵਲੀ, 1970 ਅਧੀਨ ਕੀਤੀ ਜਾਂਦੀ ਵਿਭਾਗੀ ਪੜਤਾਲ ਲਈ ਸ੍ਰੀ ਮਨਜੀਤ ਸਿੰਘ, ਪੀ.ਸੀ.ਐਸ.-1, ਡਿਪਟੀ ਰਜਿਸਟਰਾਰ (ਰਿਟਾ.), ਮਕਾਨ ਨੰ: 1740, ਫੇਜ਼ -7, ਐਸ.ਏ.ਐਸ.ਨਗਰ (ਮੋਹਾਲੀ), ਮੋਬਾਇਲ ਨੰ: 98784 01740, ਦਾ ਨਾਮ ਮੌਜੂਦਾ ਪੜਤਾਲੀਆਂ ਅਫਸਰਾਂ ਦੇ ਪੈਨਲ ਤੇ ਸਾਮਿਲ ਕੀਤਾ ਜਾਂਦਾ ਹੈ। ਅੱਗੇ ਤੋਂ ਇਸ ਅਧਿਕਾਰੀ ਨੂੰ ਵੀ ਵਿਭਾਗੀ ਪੜਤਾਲਾਂ ਦਾ ਕੰਮ ਸੌਂਪਿਆ ਜਾਵੇ।

ਵਿਸ਼ਵਾਸ਼ਪਾਤਰ,

ਉਪ ਸਕੱਤਰ ਪ੍ਰਸੋਨਲ,

ਇਸ ਦਾ ਇਕ ਉਤਾਰਾ ਸਮੂਹ ਵਧੀਕ ਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ,

ਸੇਵਾ ਵਿਖੇ

ਸਮੂਹ ਵਧੀਕ ਮੁੱਖ ਸਕੱਤਰ /ਵਿੱਤੀ ਕਮਿਸ਼ਨਰ/ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅੰ.ਵਿ.ਪੱ.ਨੰ: 3/21/2009-2ਪੀਪੀ2/691126/2 ਮਿਤੀ, ਚੰਡੀਗੜ੍ਹ: 17/2/16

ਪਿ.ਅੰ.ਨੰ: 3/21/2009-2ਪੀਪੀ2/69 11 26 /3 ਮਿਤੀ, ਚੰਡੀਗੜ੍ਹ: 17/2/16

ਇਸ ਦਾ ਇਕ ਉਤਾਰਾ ਸ੍ਰੀ ਮਨਜੀਤ ਸਿੰਘ, ਪੀ.ਸੀ.ਐਸ.-1, ਡਿਪਟੀ ਰਜਿਸਟਰਾਰ (ਰਿਟਾ.), ਮਕਾਨ ਨੰ: 1740, ਫੇਜ਼ -7, ਐਸ.ਏ.ਐਸ.ਨਗਰ (ਮੋਹਾਲੀ), ਮੋਬਾਇਲ ਨੰ: 98784 01740 ਨੂੰ ਉਨ੍ਹਾਂ ਦੀ ਪ੍ਰਤੀ ਬੇਨਤੀ ਮਿਤੀ 24.6.2015 ਦੇ ਹਵਾਲੇ ਵਿਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਉਪ ਸਕੱਤਰ ਪ੍ਰਸੋਨਲ,

58
310(A)

ਪੰਜਾਬ ਸਰਕਾਰ
ਪ੍ਰਸੋਨਲ ਵਿਭਾਗ
(ਪ੍ਰਸੋਨਲ ਪਾਲਿਸੀਜ਼-1 ਸ਼ਾਖਾ)

ਵਿਸ਼ਾ :- ਸੇਵਾ ਨਿਯਮਾਂ ਦੀ ਬਣਤਰ/ਅਪ-ਟੂ-ਡੇਟ ਕਰਨ ਵਿੱਚ ਤੇਜ਼ੀ ਲਿਆਉਣ ਬਾਰੇ।

*****

ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ, ਕਿਰਪਾ ਕਰਕੇ ਉਪਰੋਕਤ ਵਿਸ਼ੇ ਤੇ ਇਸ ਵਿਭਾਗ ਦੇ ਅ.ਵਿ.ਪੱ.ਨੰ: 9/30/98-4ਪੀ.ਪੀ.1(ਪਫ)/626, ਮਿਤੀ 15.7.2014 ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2. ਹਵਾਲਾ ਅਧੀਨ ਪੱਤਰ ਰਾਹੀਂ ਅਤੇ ਇਸ ਤੋਂ ਇਲਾਵਾ ਇਸ ਵਿਭਾਗ ਵੱਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਰਾਹੀਂ ਸੇਵਾ ਨਿਯਮਾਂ ਦੀ ਬਣਤਰ/ਅਪ-ਟੂ-ਡੇਟ ਕਰਨ ਸਬੰਧੀ ਲਿਖਿਆ ਜਾ ਚੁੱਕਾ ਹੈ। ਇਸ ਦੇ ਬਾਵਜੂਦ ਵੀ ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਅਜੇ ਵੀ ਕਈ ਵਿਭਾਗਾਂ ਵੱਲੋਂ ਆਪਣੇ ਸੇਵਾ ਨਿਯਮਾਂ ਨੂੰ ਅੰਤਿਮ ਰੂਪ ਨਹੀਂ ਦਿੱਤਾ ਗਿਆ ਹੈ ਅਤੇ ਕਈ ਵਿਭਾਗਾਂ ਵੱਲੋਂ ਆਪਣੇ ਸੇਵਾ ਨਿਯਮ ਹੀ ਨਹੀਂ ਬਣਾਏ ਗਏ ਹਨ। ਇਸ ਤੋਂ ਇਲਾਵਾ ਪ੍ਰਬੰਧਕੀ ਵਿਭਾਗਾਂ ਨੂੰ ਨਿਯਮਾਂ ਦੀ ਬਣਤਰ ਸਬੰਧੀ ਪ੍ਰਸੋਨਲ ਵਿਭਾਗ ਵੱਲੋਂ ਕੀਤੇ ਜਾਣ ਵਾਲੇ ਪ੍ਰੇਖਣਾਂ ਦਾ ਢੁੱਕਵਾਂ ਜਵਾਬ ਵੀ ਸਮੇਂ ਸਿਰ ਨਹੀਂ ਦਿੱਤਾ ਜਾਂਦਾ, ਜਿਸ ਕਾਰਨ ਨਿਯਮਾਂ ਦੀ ਬਣਤਰ ਸਬੰਧੀ ਮਾਮਲੇ ਲਮਕ ਅਵਸਥਾ ਵਿਚ ਪਏ ਰਹਿੰਦੇ ਹਨ।

3. ਸੇਵਾ ਨਿਯਮਾਂ ਦੇ ਅਪ-ਟੂ-ਡੇਟ/ਅਣਹੋਂਦ ਅਤੇ ਅੰਤਿਮ ਰੂਪ ਨਾ ਦੇਣ ਕਾਰਨ ਕਰਮਚਾਰੀਆਂ ਦੇ ਸੇਵਾ-ਮਾਮਲਿਆਂ ਨੂੰ ਨਿਪਟਾਉਣ ਵਿੱਚ ਹੋ ਰਹੀ ਬੇਲੋੜੀ ਦੇਰੀ ਦੇ ਸਿੱਟੇ ਵਜੋਂ ਕਈ ਤਰ੍ਹਾਂ ਦੀਆਂ ਪ੍ਰਸ਼ਾਸਨਿਕ ਅਤੇ ਕਾਨੂੰਨੀ ਅੜਚਣਾਂ ਉਤਪੰਨ ਹੋ ਰਹੀਆਂ ਹਨ, ਇੱਥੋਂ ਤੱਕ ਕੀ ਸੇਵਾ ਨਿਯਮ ਬਹੁਤ ਪੁਰਾਣੇ ਹੋਣ ਕਾਰਨ ਨਵੀਂ (ਸਿੱਧੀ) ਭਰਤੀ ਕਰਨ ਵਿੱਚ ਵੀ ਅਕਸਰ ਵਿਭਾਗਾਂ ਨੂੰ ਦਰਪੇਸ਼ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਆਪਣੇ-ਆਪਣੇ ਵਿਭਾਗਾਂ ਵਿੱਚ ਸੇਵਾ ਨਿਯਮਾਂ ਦੀ ਬਣਤਰ/ਅੰਤਿਮ ਰੂਪ ਜਾਂ ਅਪ-ਟੂ-ਡੇਟ ਕਰਵਾਉਣ ਦੀ ਕਾਰਵਾਈ ਨੂੰ ਤਰਜੀਹ ਦਿੰਦੇ ਹੋਏ ਕਾਰਵਾਈ ਆਰੰਭੀ ਜਾਵੇ।

4. ਉਕਤ ਤੋਂ ਇਲਾਵਾ ਆਪਣੇ ਅਧੀਨ ਵਿਭਾਗਾਂ ਦੀਆਂ ਗਰੁੱਪ-ਏ, ਗਰੁੱਪ-ਬੀ ਅਤੇ ਗਰੁੱਪ-ਸੀ ਕੈਟਾਗਰੀਆਂ ਲਈ ਮੌਜੂਦਾ ਸੇਵਾ ਨਿਯਮ ਸਮੇਤ ਸੋਧਾਂ (ਜੇਕਰ ਕੋਈ ਹਨ ਤਾਂ) ਦੀਆਂ ਤਸਦੀਕਸ਼ੁਦਾ ਕਾਪੀਆਂ ਇਸ ਪੱਤਰ ਦੇ ਜਾਰੀ ਹੋਣ ਤੋਂ 1 (ਇੱਕ) ਮਹੀਨੇ ਦੇ ਅੰਦਰ-ਅੰਦਰ ਭੇਜਣਾ ਯਕੀਨੀ ਬਣਾਇਆ ਜਾਵੇ।

5. ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਸੁਪਰਡੰਟ,

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼, ਪ੍ਰਮੁੱਖ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਅ.ਵਿ.ਪੱ.ਨੰ: 9/30/98-4ਪੀ.ਪੀ.1(ਪਫ)/ 705971/1 ਮਿਤੀ, ਚੰਡੀਗੜ੍ਹ: 8/3/16